# ਨਿੱਕਰ ਰਾਜ

(ਨਾਟਕ ਸ਼ੁਰੂ ਹੋਣ 'ਤੇ ਤੂਤੀ ਵਾਲਾ ਤੂਤੀ ਵਜਾਉਂਦਾ ਸਟੇਜ 'ਤੇ ਆਉਂਦਾ ਹੈ। ਉਹਨੇ ਡਾਂਗ 'ਤੇ ਇਕ ਨਿੱਕਰ ਤੁੰਡੇ ਵਾਂਗ ਲਟਕਾਈ ਹੋਈ ਹੈ।)

ਤੂਤੀ ਵਾਲਾ : ਨਿੱਕਰ ਦਾ ਰਾਜ ਹੈ ਲੋਕੋ
ਨਿੱਕਰ ਦੇ ਸਿਰ ਤਾਜ ਹੈ ਲੋਕੋ
ਨਿੱਕਰ ਦੇ ਗੁਣ ਗਾਓ ਵੇ ਲੋਕੋ
ਨਿੱਕਰ ਦੇ ਗੁਣ ਗਾਓ
ਨਿੱਕਰ, ਨਿੱਕਰ, ਨਿੱਕਰ

*(ਇਕ ਚੱਕਰ ਲਗਾਉਂਦਾ ਹੈ।)*

ਆ ਰਹੇ ਨੇ ਸਵਾਮੀ ਧੱਕੜ ਨਾਥ ਜੀ, ਉਹਨਾਂ ਨੇ ਇਕ ਅਖ਼ਬਾਰ ਵਾਲੀ ਕੁੜੀ ਨੂੰ ਸਵਾਲ ਜਵਾਬ ਕਰਨੇ ਹਨ।

*(ਸਵਾਮੀ ਜੀ ਆਉਂਦੇ ਹਨ, ਇਕ ਪਾਸੇ ਬੜੀ ਆਕੜ ਵਾਲੀ ਮੁੱਦਰਾ ਵਿਚ ਖਲੋ ਜਾਂਦੇ ਹਨ। ਪ੍ਰੈਸ ਵਾਲੀ ਕੁੜੀ ਸਵਾਲ ਪੁੱਛਣ ਦੀ ਮੁੱਦਰਾ ਵਿਚ ਹੈ।)*

ਸਵਾਮੀ : ਹਮ ਭਾਰਤ ਕੇ ਅਸਲੀ ਮਾਲਕ ਹੈ, ਜਿਸ ਕਿਸੇ ਨੇ ਭਾਰਤ ਮੇਂ ਰਹਿਣਾ ਹੈ ਉਸਕੋ ਹਮਾਰੀ ਫਿਲਾਸਫੀ ਹਮਾਰੀ ਬਾਤ ਮਾਨਣੀ ਪੜੇਗੀ।

ਪ੍ਰੈਸ : ਵਾਟਰ ਫਿਲਮ ਦੀ ਸ਼ੂਟਿੰਗ ਤੁਸੀਂ ਬਨਾਰਸ ਵਿਚ ਰੋਕੀ ਕਿਉਂ ? ਕ੍ਰਿਪਾ ਕਰਕੇ ਜਵਾਬ ਪੰਜਾਬੀ ਵਿਚ ਦੇਣਾ।

ਸਵਾਮੀ : ਕਾਰਨ ਸਾਫ਼ ਹੈ, ਇਹ ਫ਼ਿਲਮ ਹਿੰਦੂ ਜਜ਼ਬਿਆਂ ਨੂੰ ਠੇਸ ਪੁਚਾਉਂਦੀ ਹੈ। ਹਿੰਦੂ ਵਿਧਵਾ ਦੇ ਚਰਿੱਤਰ 'ਤੇ ਕਿੰਤੂ ਕਰਦੀ ਹੈ। ਇਹਦੇ ਕੁਝ ਵਾਰਤਾਲਾਪ ਹਿੰਦੂ ਦੇਵੀ ਦੇਵਤਿਆਂ ਦਾ ਮਖੌਲ ਉਡਾਉਂਦੇ ਹਨ। ਇਹੋ ਜਿਹੀ ਫ਼ਿਲਮ ਅਸੀਂ ਬਣਾਉਣ ਦੀ ਕਿੰਜ ਇਜਾਜ਼ਤ ਦੇ ਸਕਦੇ ਹਾਂ ?

ਤੂਤੀ ਵਾਲਾ : ਤੁਸੀਂ ਕੀ ਲੱਗੇ ਹੋਏ ਹੋ ?

ਸਵਾਮੀ : ਅਸੀਂ ਹਿੰਦੋਸਤਾਨ ਦੇ ਮਾਲਕ ਹਾਂ, ਅਸੀਂ ਹਿੰਦੂ ਸੰਸਕ੍ਰਿਤੀ ਦੇ ਪਹਿਰੇਦਾਰ ਹਾਂ। ਇਹ ਫ਼ਿਲਮ ਜਾਣਬੁਝਕੇ ਵਿਦੇਸ਼ੀ ਪੈਸੇ ਨਾਲ ਸਾਨੂੰ ਹੇਠੀ ਦਿਖਾਉਣ ਲਈ ਬਣਾਈ ਜਾ ਰਹੀ ਹੈ। ਕੀ ਕਦੀ ਕਿਸੇ ਫ਼ਿਲਮ ਬਣਾਉਣ ਵਾਲੇ ਨੇ ਮੁਸਲਮਾਨਾਂ ਜਾਂ ਇਸਾਈਆਂ ਦਾ ਮਖ਼ੌਲ

ਉਡਾਉਣ ਲਈ ਕੋਈ ਫ਼ਿਲਮ ਬਣਾਈ ਹੈ ?

ਪ੍ਰੈਸ : ਹਾਲੀਵੁਡ ਅਤੇ ਹੋਰ ਦੁਨੀਆਂ ਵਿਚ ਅਨੇਕਾਂ ਹੀ ਫ਼ਿਲਮਾਂ ਬਣੀਆਂ ਹਨ, ਜੋ ਪਾਦਰੀਆਂ ਦਾ, ਮੌਲਾਣਿਆਂ ਦਾ ਮਖ਼ੌਲ ਉਡਾਉਂਦੀਆਂ ਹਨ, ਵਿਅੰਗ ਵੀ ਕੱਸਦੀਆਂ ਹਨ, ਉਹ ਫ਼ਿਲਮਾਂ ਚਲਦੀਆਂ ਹਨ।

ਸਵਾਮੀ : ਚਲਦੀਆ ਹੋਣਗੀਆਂ ਪਰ ਅਸੀਂ ਨਹੀਂ ਚੱਲਣ ਦੇਣੀਆਂ, ਵਿਧਵਾ ਔਰਤ ਸਾਡੇ ਲਈ ਇਕ ਸਤਿਕਾਰਯੋਗ ਹਸਤੀ ਹੈ।

ਤੂਤੀ ਵਾਲਾ : ਤਾਂਹੀਓ ਕਿਸੇ ਖੁਸ਼ੀ ਦੇ ਮੌਕੇ ਤੁਸੀਂ ਉਹਦਾ ਪਰਛਾਵਾਂ ਨਹੀਂ ਨੇੜੇ ਆਉਣ ਦੇਂਦੇ, ਕਿਸੇ ਨਾ ਕਿਸੇ ਬਹਾਨੇ ਉਸਨੂੰ ਦੂਰ-ਦੂਰ ਰਖਦੇ ਹੋ।

ਸਵਾਮੀ : ਤੂੰ ਬਕਵਾਸ ਬੰਦ ਕਰ।

ਤੂਤੀ ਵਾਲਾ : ਨਹੀਂ ਕਰਦਾ ਫੇਰ ?

ਪ੍ਰੈਸ : ਸਵਾਮੀ ਜੀ, ਇਹ ਫ਼ਿਲਮ ਹੁਣ ਬੰਗਾਲ ਵਿਚ ਬਣਨ ਜਾ ਰਹੀ ਏ।

ਸਵਾਮੀ : ਮੈਨੂੰ ਪਤਾ ਏ ਕਿ ਉਹ ਗੰਜੀ ਸ਼ਬਾਨਾ ਆਜ਼ਮੀ ਕਲਕੱਤਾ ਗਈ ਏ, ਉਹਇਕ ਕਮਿਊਨਿਸਟ ਦੀ ਔਲਾਦ ਏ। ਜੇ ਇਹ ਫ਼ਿਲਮ ਜਿਉਤੀ ਬਾਸੂ ਨੇ ਉਥੇ ਬਨਾਉਣ ਦੀ ਇਜਾਜ਼ਤ ਦਿੱਤੀ ਤਾਂ ਇਹ ਉਸਦੇ ਕਫਨ ਵਿਚ ਆਖਰੀ ਕਿੱਲ ਸਾਬਤ ਹੋਵੇਗਾ।

ਤੂਤੀ ਵਾਲਾ : ਆਹੋ ਇਹ ਉਹਦਾ ਸਿਰ ਵੀ ਗੰਜਾ ਕਰ ਦੇਣਗੇ। ਇਹ ਉਹਦੀ ਤੂਤੀ ਵਜਾ ਦੇਣਗੇ। ਇਹ ਉਹਦੀ ਤੂਤੀ ਵਜਾ ਦੇਣਗੇ (ਤੂਤੀ ਵਜਾਉਂਦਾ ਹੈ)।

ਪ੍ਰੈਸ : ਮੇਰਾ ਦੂਜਾ ਸਵਾਲ, ਕਾਨਪੁਰ ਵਿਚ ਵੈਲਨਟਾਈਨ ਦਿਵਸ ’ਤੇ ਤੁਸੀਂ ਨਿੱਕਰ ਧਾਰੀਆਂ ਨੂੰ ਖੁਲ੍ਹੀ ਸ਼ਹਿ ਦਿੱਤੀ ਕਿ ਉਹ ਹੁੱਲੜਬਾਜ਼ੀ ਕਰਨ। ਜੇ ਕੋਈ ਮੁੰਡਾ ਕਿਸੇ ਕੁੜੀ ਨੂੰ ਗੁਲਾਬ ਦਾ ਫੁੱਲ ਦੇ ਵੀ ਦੇਂਦਾ ਹੈ ਤਾਂ ਤੁਹਾਨੂੰ ਕੀ ਇਤਰਾਜ਼ ਹੈ ?

ਸਵਾਮੀ : ਇਹ ਪੁਆੜਾ ਹੀ ਸਾਰਾ ਗੁਲਾਬ ਦੇ ਫੁੱਲ ਦਾ ਹੈ। ਪੰਡਤ ਨਹਿਰੂ ਵੀ ਲੇਡੀ ਮਾਊਂਟਬੈਂਟਨ ਨੂੰ ਇਹ ਫੁੱਲ ਦੇਂਦਾ ਸੀ। ਉਹਦੇ ਕਹਿਣੇ ’ਤੇ ਹੀ ਪੰਡਤ ਨਹਿਰੂ ਨੇ ਕਸ਼ਮੀਰਦਾ ਮਾਮਲਾ ਯੂ.ਐਨ.ਓ. ਨੂੰ ਦਿੱਤਾ। ਉਹਦਾ...

ਪ੍ਰੈਸ : ਇਹ ਕਿਸ ਨੇ ਸਾਬਤ ਕੀਤਾ ਏ ?

ਸਵਾਮੀ : ਹਿਸਟਰੀ ਲਿਖਣ ਵਾਲਿਆਂ ਨੇਸਾਬਤ ਕੀਤਾ ਏ। ਹੁਣ ਹਿਸਟਰੀ ਦੀ ਖੋਜ ਵਾਲੀ ਸੰਸਥਾ ਦਾ ਮੁੱਖੀ ਸਾਡਾ ਬੰਦਾ ਏ। ਅਸੀਂ ਕਾਂਗਰਸੀ ਤੇ ਕਾਮਰੇਡ ਉਥੋਂ ਭਜਾ ਦਿੱਤੇ ਹਨ।

ਤੂਤੀ ਵਾਲਾ : ਆਹੋ ਹੁਣ ਇਹ ਹਿਸਟਰੀ ਆਪਣੀ ਮਰਜ਼ੀ ਨਾਲ ਲਿਖਵਾਉਣਗੇ।

ਇਹ ਲਿਖਵਾਉਣਗੇ ਕਿ ਤਾਜ ਮਹਲ ਸ਼ਾਹ ਜਹਾਨ ਨੇ ਆਪਣੀ ਬੇਗਮ ਮੁਮਤਾਜ ਦੀ ਯਾਦ ਵਿਚ ਨਹੀਂ ਸੀ ਬਣਵਾਇਆ ਸਗੋਂ ਕਿਸੇ ਸੂਰਜਵੰਸ਼ੀ ਰਾਜੇ ਨੇ ਆਪਣੀ ਪ੍ਰੇਮਿਕਾ ਦੀ ਯਾਦ ਵਿਚ ਬਣਵਾਇਆ ਸੀ। ਇਹ ਇਹਵੀ ਲਿਖਵਾ ਦੇਣਗੇ ਕਿ ਸਾਇੰਸ ਦੀ ਕਾਢ ਨਹੀਂ। ਇਹਨਾਂ ਦੇ ਸ਼ਾਸ਼ਤਰਾਂ ਵਿਚ ਵੀ ਉਡਨ ਖਟੋਲੇ ਉਡਦੇ ਸਨ।

ਸਵਾਮੀ : ਤੂੰ ਬਕਵਾਸ ਬੰਦ ਕਰ।

ਤੂਤੀ ਵਾਲਾ : ਨਹੀਂ ਕਰਦਾ, ਫੇਰ ?

ਪ੍ਰੈਸ : ਮੇਰਾ ਪੰਜਵਾਂ ਸਵਾਲ– ਤੁਹਾਡੀ ਹਿੰਦੂਤਵ ਨੂੰ ਅੱਜ ਕੀ ਖਤਰਾ ਏ ?

ਸਵਾਮੀ : ਖਤਰਾ ਹੀ ਖਤਰਾ ਏ। ਇਹ ਮੁਸਲਮਾਨ, ਇਹ ਇਸਾਈ ਪ੍ਰਚਾਰਕ। ਇਹਨਾਂ ਨੂੰ ਬਾਹਰਲੇ ਮੁਲਕਾਂ ਤੋਂ ਪੈਸਾ ਆਉਂਦਾ ਏ। ਇਹ ਧਰਮ ਬਦਲੀ ਦੇ ਅਮਲ ਵਿਚ ਲਗੇ ਹੋਏ ਹਨ। ਅਸੀਂ ਭਲਾ ਇਹ ਕਰਨ ਦੇਨੇ ਹਾਂ ? ਉੜੀਸਾ ਵਿਚ ਸਾਡੇ ਸੂਰਬੀਰ ਦਾਰਾ ਸਿੰਘ ਨੇ ਇਕ ਪਾਦਰੀ ਦਾ ਬੱਚਿਆਂ ਸਮੇਤ ਸਫਾਇਆ ਕਰ ਦਿੱਤਾ। ਹੋਰ ਵੀ ਸਾਫ਼ ਕਰ ਦੇਵਾਂਗੇ।

ਪ੍ਰੈਸ : ਤੁਸੀਂ ਕੀ ਲਗੇ ਹੋਏ ਹੋ ?

ਸਵਾਮੀ : ਅਸੀਂ ਹਿੰਦੁਸਤਾਨ ਦੇ ਮਾਲਕ ਹਾਂ।

ਤੂਤੀ ਵਾਲਾ : ਆਹੋ ਇਹ ਹਿੰਦੁਸਤਾਨ ਦੇ ਮਾਲਕ ਨੇ, ਜਿਸ ਤਰ੍ਹਾਂ ਕਿਸੇ ਵੇਲੇ ਹਿਟਲਰ ਜਰਮਨੀ ਦਾ ਹੁੰਦਾ ਸੀ। ਇਹ ਕਿਸੇ ਹਿਟਲਰ ਨਾਲੋਂ ਘੱਟ ਨੇ?

ਸਵਾਮੀ : ਤੂੰ ਬਕਵਾਸ ਬੰਦ ਕਰ।

ਤੂਤੀ ਵਾਲਾ : ਨਹੀਂ ਕਰਦ੍ਹਾ ਫੇਰ ?

ਪ੍ਰੈਸ : ਮੇਰਾ ਛੇਵਾਂ ਸਵਾਲ– ਤੁਹਾਡਾ ਫੌਰੀ ਏਜੰਡਾ ਕੀ ਏ ?

ਸਵਾਮੀ : ਹੁਣ ਸਾਰੇ ਭਾਰਤੀਆਂ ਨੂੰ ਨਿੱਕਰਾਂ ਪਵਾਕੇ ਪਰੇਡ ਕਰਨ ’ਤੇ ਲਾ ਦੇਵਾਂਗੇ।

ਤੂਤੀ ਵਾਲਾ : ਨਿੱਕਰ ਸੰਸਕ੍ਰਿਤੀ– ਅਮਰ ਰਹੇ

ਪ੍ਰੈਸ : ਮੇਰਾ ਸਤਵਾਂ ਸਵਾਲ– ਪੰਜਾਬ ਬਾਰੇ ਤੁਸੀਂ ਕੀ ਸੋਚਦੇ ਹੋ ?

ਸਵਾਮੀ : ਪੰਜਾਬ ਵਿਚ ਸਾਡੀ ਨਿੱਕਰ ਦਾ ਡੀਜ਼ਾਇਨ ਕਛਿਹਰਾਨੁਮਾ ਹੋਵੇਗਾ। ਉਹਦਾ ਇਕ ਪੌਂਚਾ ਨਿੱਕਰ ਵਾਲਾ ਹੋਵੇਗਾ ਤੇ ਇਕ ਕਛਹਿਰੇ ਵਾਲਾ ਹੋਵੇਗਾ।

ਪ੍ਰੈਸ : ਇਹ ਕਿਉਂ ?

ਸਵਾਮੀ : ਇਹ ਬਾਦਲ ਸਾਹਿਬ ਦੀ ਸਹੂਲਤ ਲਈ ਏ। ਉਹਦੇ ਨਾਲ ਸਾਡੀ ਸਾਂਝ ਏ। ਅਸਲ ਵਿਚ ਅਸੀਂ ਸਿੱਖਾਂ ਨੂੰ ਹਿੰਦੂ ਹੀ ਸਮਝਦੇ ਹਾਂ। ਉਂਜ

ਉਹਨਾਂ ਨੂੰ ਕਦੀ ਕਦੀ ਪੰਜਾਬੀ ਦਾ ਹੇਜ ਆ ਜਾਂਦਾ ਏ। ਉਹਦਾ ਬੰਦੋਬਸਤ ਵੀ ਕਰ ਰਹੇ ਹਾਂ।

ਪ੍ਰੈਸ : ਕੀ ਬੰਦੋਬਸਤ ਕਰ ਰਹੇ ਹੋ ?

ਸਵਾਮੀ : ਅਸੀਂ ਵੱਡੀਆਂ ਅਖ਼ਬਾਰਾਂ ਦੇ ਪੰਜਾਬ ਵਿਚ ਹਿੰਦੀ ਐਡੀਸ਼ਨ ਕੱਢ ਰਹੇ ਹਾਂ। ਹੌਲੀ ਹੌਲੀ ਲੋਕ ਪੰਜਾਬੀ ਅਖ਼ਬਾਰਾਂ ਪੜ੍ਹਣੋ ਹੱਟ ਜਾਣਗੇ। ਹਿੰਦੀ, ਹਿੰਦੂ, ਹਿੰਦੁਸਤਾਨ ਸਾਡਾ ਨਾਅਰਾ ਏ। ਅਸੀਂ ਨਿੱਕਰ ਧਾਰੀ ਹਾਂ, ਨਿੱਕਰ ਸਾਡੀ ਕੌਮੀ ਪੁਸ਼ਾਕ ਏ– ਕੁਝ ਹੋਰ ਪੁਛਣਾ ਏ ?

ਪ੍ਰੈਸ : ਨਹੀਂ, ਥੈਂਕ ਯੂ...

ਤੂਤੀ ਵਾਲਾ : ਮੈਂ ਪੁਛਣਾ ਏ।... ਨਹੀਂ ਪੁਛਣਾ ਨਹੀਂ, ਸਗੋਂ ਦੱਸਣਾ ਏ।

ਸਵਾਮੀ : ਕੀ ਦਸਣਾ ਏ ?

ਤੂਤੀਵਾਲਾ :
ਤੁਹਾਡੀ ਅਸਲੀਅਤ ਦਸਣੀ ਏ।
ਤੁਸੀਂ ਰੂੜੀਵਾਦੀ ਫਾਸ਼ੀ ਹੋ। (ਤੂਤੀ)
ਤੁਸੀਂ ਹਿੰਦੂ ਬੁਨਿਆਦਵਾਦੀ ਹੋ (ਤੂਤੀ)
ਤੁਸੀਂ ਘੱਟ ਗਿਣਤੀ ਦੇ ਲੋਕਾਂ ਦੇ ਦੁਸ਼ਮਣ ਹੋ (ਤੂਤੀ)
ਤੁਸੀਂ ਦੇਸ਼ ਦੁਸ਼ਮਣ ਹੋ (ਤੂਤੀ)
ਲੋਕਾਂ ਤੁਹਾਨੂੰ ਪਛਾਣ ਲਿਆ ਹੈ,
ਹੁਣ ਉਹ ਤੁਹਾਡੀ ਤੂਤੀ ਵਜਾ ਦੇਣਗੇ।

*(ਲੰਮੀ ਤੂਤੀ ਵਜਾਉਂਦਾ ਹੈ। ਸਵਾਮੀ ਹਾਰੀ ਹੋਈ ਮੁੱਦਰਾ ਵਿਚ ਹੈ। ਤੂਤੀ ਵਾਲੇ ਦੀ ਬਾਂਹ ਉੱਠੀ ਹੈ। ਪ੍ਰੈਸ ਵਾਲੀ ਨੋਟ ਕਰ ਰਹੀ ਹੈ।)*

*(ਸਮਾਪਤ)*